# ਜਨਤਕ ਨੋਟਿਸ

ਮੈਰੀਟੋਰੀਅਸ ਸੁਸਾਇਟੀ ਅਧੀਨ ਮੈਰੀਟੋਰੀਅਸ ਸਕੂਲਾਂ ਵਿੱਚ ਪ੍ਰਿੰਸੀਪਲਾਂ ਦੀਆਂ ਖਾਲੀ ਅਸਾਮੀਆਂ ਵਿਰੁੱਧ ਸਿੱਖਿਆ ਵਿਭਾਗ ਵਿੱਚ ਰੈਗੂਲਰ ਤੌਰ ਤੇ ਸੇਵਾਵਾਂ ਨਿਭਾ ਰਹੇ ਪ੍ਰਿੰਸੀਪਲ ਜੋ ਕਿ ਮੈਰੀਟੋਰੀਅਸ ਸਕੂਲਾ ਵਿੱਚ ਡੈਪੂਟੇਸ਼ਨ ਤੇ ਆਉਣ ਦੇ ਚਾਹਵਾਨ ਹਨ, ਤੋਂ ਪ੍ਰਤੀਬੇਨਤੀਆਂ ਵਿਭਾਗ ਦੇ ਪੋਰਟਲ ਅਧੀਨ Staff Login ਰਾਹੀਂ ਮਿਤੀ 05.01.2022 ਤੋਂ 10.01.2022 ਤੱਕ ਮੰਗੀਆਂ ਜਾਂਦੀਆਂ ਹਨ।

2.0 ਡੈਪੂਟੇਸ਼ਨ ਪੰਜਾਬ ਸਰਕਾਰ ਦੀ ਸਟੈਂਡਰਡ ਟਰਮਜ਼ ਅਤੇ ਕੰਡੀਸ਼ਨਜ਼ ਅਨੁਸਾਰ ਹੋਵੇਗੀ ਅਤੇ ਹੇਠਾਂ ਦਰਸਾਈਆਂ ਕੰਡੀਸ਼ਨਾਂ ਵੀ ਲਾਗੂ ਹੋਣਗੀਆਂ:-

ੳ) ਡੈਪੂਟੇਸ਼ਨ ਦਾ ਸਮਾਂ ਇੱਕ ਸਾਲ ਦਾ ਹੋਵੇਗਾ ਜੋ ਕਿ ਸੰਤੋਸ਼ਜਨਕ ਕਾਰਗੁਜਾਰੀ ਦੇ ਆਧਾਰ ਤੇ ਸਾਲ-ਸਾਲ ਕਰਕੇ ਤਿੰਨ ਸਾਲ ਤੱਕ ਵਧਾਇਆ ਜਾ ਸਕਦਾ ਹੈ।

ਅ) ਇਸ ਸਮੇਂ ਦੌਰਾਨ ਜੋ ਤਨਖਾਹ ਉਹ ਸਿੱਖਿਆ ਵਿਭਾਗ ਵਿੱਚ ਲੈ ਰਹੇ ਹਨ, ਸਲਾਨਾ ਤਰੱਕੀਆਂ ਸਮੇਤ ਮਿਲਣ ਯੋਗ ਹੋਵੇਗੀ।

ੲ) ਪ੍ਰਿੰਸੀਪਲਾਂ ਦੀ ਪੱਦ-ਉੱਨਤੀ ਹੋਣ ਤੇ ਉਨ੍ਹਾਂ ਨੂੰ ਆਪਣੇ ਪਿੱਤਰੀ ਵਿਭਾਗ ਵਿੱਚ ਵਾਪਿਸ ਜਾਣਾ ਪਵੇਗਾ।

ਸ) ਡੈਪੂਟੇਸ਼ਨ ਦੌਰਾਨ ਉਹ ਸਰਕਾਰੀ ਛੁੱਟੀਆਂ ਅਤੇ ਸਰਕਾਰ ਵੱਲੋਂ ਘੋਸ਼ਿਤ ਛੁੱਟੀਆਂ ਲੈਣ ਦੇ ਹੱਕਦਾਰ ਹੋਣਗੇ।

ਹ) ਮੈਰੀਟੋਰੀਅਸ਼ ਸਕੂਲਾਂ ਵਿੱਚ ਉਹ ਅਧਿਕਾਰੀ ਹੀ ਡੈਪੂਟੇਸ਼ਨ ਲਈ ਅਪਲਾਈ ਕਰਨ ਜੋ ਮੈਰੀਟੋਰੀਅਸ ਸਕੂਲ ਵਿਖੇ ਪ੍ਰਿੰਸੀਪਲ ਦੇ ਨਿਵਾਸ ਵਿੱਚ ਰਹਿ ਸਕਣ ਕਿਉਂਕਿ ਇਹ ਰਿਹਾਇਸ਼ੀ ਸਕੂਲ ਹਨ। ਇਸ ਲਈ ਮੈਰੀਟੋਰੀਅਸ ਸਕੂਲ ਵਿੱਚ ਪ੍ਰਿੰਸੀਪਲਾਂ ਦਾ ਰਹਿਣਾ ਲਾਜਮੀ ਹੈ, ਅਤੇ ਇਸ ਲਈ ਉਨ੍ਹਾਂ ਨੂੰ ਸੋਸਾਇਟੀ ਵਲੋ ਹਾਊਸ ਰੇਂਟ (House Rent) ਮਿਲਣਯੋਗ ਨਹੀਂ ਹੋਵੇਗਾ।

ਕ) ਮੈਰੀਟੋਰੀਅਸ ਸੁਸਾਇਟੀ ਵਿੱਚ ਡੈਪੂਟੇਸ਼ਨ ਤੇ ਆਉਣ ਲਈ ਚਾਹਵਾਨ ਅਧਿਕਾਰੀਆਂ ਦੀ ਅੰਗਰੇਜੀ ਅਤੇ ਪੰਜਾਬੀ ਭਾਸ਼ਾ ਵਿੱਚ ਮਹਾਰਤ ਹੋਣੀ ਚਾਹੀਦੀ ਹੈ।

ਖ) ਮੈਰੀਟੋਰੀਅਸ ਸਕੂਲਾਂ ਵਿੱਚ ਸਿਰਫ ਉਹ ਹੀ ਪ੍ਰਿੰਸੀਪਲ ਡੈਪੂਟੇਸ਼ਨ ਤੇ ਆਉਣ ਦੇ ਕਾਬਿਲ ਹੋਣਗੇ ਜੋ ਮੈਥ/ ਸਾਇੰਸ/ਕਾਮਰਸ ਪਿਛੋਕੜ ਨਾਲ ਸੰਬੰਧ ਰੱਖਦੇ ਹੋਣਗੇ।

ਗ) ਪ੍ਰਾਰਥੀ ਦੇ ਵਿਰੁੱਧ ਕੋਈ ਵਿਭਾਗੀ ਕਾਰਵਾਈ/ਪੜਤਾਲ ਨਹੀ ਚੱਲਦੀ ਹੋਣੀ ਚਾਹੀਦੀ ਹੈ।

3.0 ਉਪਰੋਕਤ ਦਰਸਾਈਆਂ ਸ਼ਰਤਾਂ ਮੁਤਾਬਿਕ ਸਿੱਖਿਆ ਵਿਭਾਗ ਦੇ ਜੋ ਪ੍ਰਿੰਸੀਪਲ ਮੈਰੀਟੋਰੀਅਸ ਸੁਸਾਇਟੀ ਅਧੀਨ ਡੈਪੂਟੇਸ਼ਨ ਤੇ ਆਉਣ ਦੇ ਚਾਹਵਾਨ ਹਨ ਉਹ ਆਪਣੀ ਪ੍ਰਤੀਬੇਨਤੀਆਂ ਆਨ-ਲਾਇਨ ਰਜਿਸਟਰ ਕਰ ਸਕਦੇ ਹਨ। ਪ੍ਰਤੀਬੇਨਤੀਆਂ ਦੀ ਪੜਚੋਲ ਤੋਂ ਬਾਅਦ ਅਧਿਕਾਰੀ ਦੇ ਕੰਮ ਅਤੇ ਆਚਰਨ ਦੀ ਰਿਪੋਰਟ ਸੰਬੰਧਤ ਜਿਲ੍ਹਾ ਸਿੱਖਿਆ ਅਫਸਰ ਤੋਂ ਲਈ ਜਾਵੇਗੀ।

4.0 ਪ੍ਰਿੰਸੀਪਲ ਦੀ ਚੋਣ ਸਰਕਾਰ ਪੱਧਰ ਤੇ ਪ੍ਰਵਾਨਤ criteria ਅਨੁਸਾਰ ਮੈਰਿਟ ਅਧਾਰ ਤੇ ਕੀਤੀ ਜਾਵੇਗੀ ਜੋ ਕਿ ਹੇਠ ਅਨੁਸਾਰ ਹੈ-

| | | | |
|---|---|---|---|
| a) | Marks in concerned Post Graduation | - | 60 |
| b) | B.Ed. | - | 05 |
| c) | M.Ed. | - | 05 |
| d) | M.Phil | - | 05 |
| e) | Ph.D | - | 10 |
| f) | Experience (as School/DIET Principal/ Dy. DEO/DEO) | - | 15 (2 marks for every year subject to maximum of 15 marks) |

5.0 ਮੈਰੀਟੋਰੀਅਸ ਸਕੂਲਾਂ ਵਿਖੇ ਡੈਪੂਟੇਸ਼ਨ ਤੇ ਕੰਮ-ਕਰਨ ਹਿੱਤ ਬਿਨੈ ਪੱਤਰ ਅਨੁੱਲਗ 1 ਤੇ ਅਟੈਚ ਹੈ।

**ਅਨੁੱਲਗ 1**

| | | |
|---|---|---|
| 1 | ਅਧਿਕਾਰੀ ਦਾ ਨਾਂ | |
| 2 | ਅਧਿਕਾਰੀ ਦੇ ਪਿਤਾ ਜਾਂ ਪਤੀ ਦਾ ਨਾਂ: (ਜੋ ਰਿਕਾਰਡ ਵਿੱਚ ਦਰਜ ਹੈ) | |
| 3 | ਵਿਦਿਅਕ ਯੋਗਤਾ | |
| 4 | ਸਰਵਿਸ ਵਿੱਚ ਆਉਣ ਦੀ ਮਿਤੀ ਅਤੇ ਰਿਟਾਇਰ ਹੋਣ ਦੀ ਮਿਤੀ | |
| 5 | ਮੌਜੂਦਾ ਅਹੁਦਾ : | |
| 6 | ਮੌਜੂਦਾ ਅਹੁਦੇ ਤੇ ਕਦੋਂ ਤੋਂ ਕੰਮ ਕਰ ਰਿਹਾ ਹੈ : | |
| 7 | ਸਕੂਲ ਦਾ ਨਾਂ ਅਤੇ ਜਿਲ੍ਹਾਂ ਜਿਸ ਵਿੱਚ ਕਰਮਚਾਰੀ ਹੁਣ ਕੰਮ ਕਰ ਰਿਹਾ ਹੈ : | |
| 8 | ਵਿਸ਼ੇਸ਼ ਕਥਨ (ਇਸ ਕਰਮਚਾਰੀ ਦੀ ਕੋਈ ਖਾਸ ਉਪਲੱਬਧੀ ਹੋਵੇ ਤਾਂ ਦੱਸੀ ਜਾਵੇ) | |
| 9 | ਕੀ ਤੁਹਾਡੇ ਵਿਰੁੱਧ ਪੜਤਾਲ ਜਾਂ ਕੋਈ ਵਿਭਾਗੀ ਕਾਰਵਾਈ ਚੱਲ ਰਹੀ ਹੈ ਤਾਂ ਉਸ ਦਾ ਵੇਰਵਾ ਦਿੱਤਾ ਜਾਵੇ: | |

ਤਸਦੀਕ ਕੀਤਾ ਜਾਂਦਾ ਹੈ ਕਿ ਉਕਤ ਤੱਥ ਅਤੇ ਜਾਣਕਾਰੀ ਸਹੀ ਹੈ ਅਤੇ ਕੋਈ ਤੱਥ ਵੀ ਲੁਕਾਇਆ ਨਹੀ ਗਿਆ ਹੈ।